# ਪਰਮੇਸ਼ੁਰ ਨੇ ਸਦਾ ਆਪਣੇ ਵਾਅਦੇ ਪੂਰੇ ਕੀਤੇ:
# ਪੁਰਾਣੇ ਨੇਮ ਦੀਆਂ ਇਤਿਹਾਸਿਕ ਪੁਸਤਕਾਂ


ਜਿਹੜੇ ਬੱਚਿਆਂ ਨੂੰ ਸਿਖਿਆ ਦੇਂਦੇ ਹਨ ਉਨ੍ਹਾਂ ਨੂੰ H3b ਦਾ ਅਧਿਐਨ ਕਰਨਾ ਚਾਹੀਦਾ ਹੈ।

**1.** ਇਤਿਹਾਸਕ ਪੁਸਤਕਾਂ ਨੂੰ ਸਿਖਾਉਣ ਲਈ ਪ੍ਰਾਰਥਨਾ ਅਤੇ ਵਚਨ ਨਾਲ ਤਿਆਰੀ ਕਰੋ।


**ਪ੍ਰਾਰਥਨਾ :** ''ਪ੍ਰਭੂ ਪਰਮੇਸ਼ੁਰ, ਤੂੰ ਬੀਤੇ ਸਮੇਂ ਦੇ ਸਾਰੇ ਯੁੱਗਾਂ ਵਿੱਚ ਆਪਣੇ ਲੋਕਾਂ ਨਾਲ ਵਫ਼ਾਦਾਰ ਰਿਹਾ ਹੈਂ। ਅੱਜ ਮੈਨੂੰ ਅਤੇ ਮੇਰੇ ਝੁੰਡ ਨੂੰ ਅਤੇ ਸਾਡੇ ਬਾਅਦ, ਸਾਡੇ ਬੱਚਿਆਂ ਨੂੰ ਆਪਣੇ ਉੱਤੇ ਭਰੋਸਾ ਕਰਨਾ ਸਿੱਖਣ ਦੇ।''

ਹੇਠਾਂ ਸੂਚੀ ਵਿੱਚ ਜੋ ਸੰਖਿਆ ਦਿੱਤੀ ਗਈ ਹੈ, ਉਹ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਮਸੀਹ ਯਿਸੂ ਦੇ ਪੈਦਾ ਹੋਣ ਤੋਂ ਪਹਿਲਾਂ ਉਨ੍ਹਾਂ ਪੁਸਤਕਾਂ ਵਿੱਚ ਲਗਭਗ ਕਿੰਨੇ ਸਾਲ ਘਟਨਾਵਾਂ ਹੋਈਆਂ। ਹਰ ਪੁਸਤਕ ਵਿੱਚ ਪ੍ਰਸਿਧ ਆਇਤ ਵੇਖੋ, ਪੜ੍ਹੋ ਕਿ ਨਵਾਂ ਨੇਮ ਕਿਵੇਂ ਸਾਰੀਆਂ ਇਤਿਹਾਸਿਕ ਪੁਸਤਕਾਂ ਦਾ ਹਵਾਲਾ ਦੇਂਦਾ ਹੈ।

ਇਤਿਹਾਸਿਕ ਪੁਸਤਕਾਂ ਦੀ ਰੇਖਾ




**1406-1383** ਯਹੋਸ਼ੁਆ ਨੇ ਇਸਰਾਏਲੀਆਂ ਦੀ ਅਗਵਾਈ ਕੀਤੀ, ਜਦੋਂ ਉਨ੍ਹਾਂ ਕਨਾਨ ਤੇ ਜਿੱਤ ਪਾਈ। ਵੇਖੋ 1:7 ਉਨ੍ਹਾਂ ਨੂੰ ਸਿਰਫ ਉਦੋਂ ਹੀ ਜਿੱਤ ਮਿਲੀ, ਜਦੋਂ ਉਨ੍ਹਾਂ ਪੂਰੀ ਤਰ੍ਹਾਂ ਪਰਮੇਸ਼ੁਰ ਦੀ ਆਗਿਆ ਦਾ ਪਾਲਨ ਕੀਤਾ। **ਇਬਰਾਨੀਆਂ 11:31** ਵਿੱਚ ਪੜ੍ਹੋ, ਕਿਵੇਂ ਨਵਾਂ ਨੇਮ ਯਹੋਸ਼ੁਆ 6:22-25 ਤੋਂ ਰਾਹਾਬ ਦੀ ਕਹਾਣੀ ਬਿਆਨ ਕਰਦਾ ਹੈ।



ਯਹੀਹੋ ਦੀਆਂ ਕੰਧਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਯਹੋਸ਼ੁਆ **6:15-20** ਵੇਖੋ।

**1386-1045** ਨਿਆਈਂ ਇਸਰਾਏਲੀਆਂ ਦੀ ਪਰਮੇਸ਼ੁਰ ਪ੍ਰਤੀ ਅਣਆਗਿਆਕੀ ਦੇ ਦੋਰਾਨ ਸਿਥਾਨਕ ਆਗੂ, ਅਤੇ ਛੁਟਕਾਰਾ ਦੇਣ ਵਾਲੇ ਸਨ। ਨਿਆਈਆ 16:6 ਵੇਖੋ। **ਇਬਰਾਨੀਆ 11:33** ਵਿੱਚ ਨਿਆਈਆਂ 14:5-6 ਵਿੱਚੋਂ ਸਮਸੂਨ ਦਾ ਜ਼ਿਕਰ ਲੱਭੋ।

**1100** ਰੂਥ, ਇੱਕ ਅਜ਼ਨਬੀ ਨੇ ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ ਦਾ ਪਾਲਨ ਕੀਤਾ, ਬੋਅਜ਼ ਨਾਲ ਵਿਆਹ ਕਰਵਾਇਆ ਅਤੇ ਦਾਊਦ ਰਾਜਾ ਅਤੇ ਮਸੀਹ ਯਿਸੂ ਦੀ ਪੂਰਵਜ ਬਣ ਗਈ। ਰੂਥ 1:16 ਵੇਖੋ। **ਮੱਤੀ 1:5** ਵਿੱਚ ਬੋਅਜ਼ ਅਤੇ ਰੂਥ ਦੇ ਨਾਮ ਲੱਭੋ।

**1100-1010 ਪਹਿਲਾ ਸਮੂਏਲ**, ਨਬੀ ਸਮੂਏਲ ਦੀ ਅਗਵਾਈ, ਰਾਜਾ ਸ਼ਾਊਲ ਦੇ ਰਾਜ ਅਤੇ ਇਸਦੇ ਡਿਗੱਣ ਬਾਰੇ, ਅਤੇ ਦਾਊਦ ਦੇ ਖੜੇ ਹੋਣ ਬਾਰੇ ਵਿਸਤਾਰ ਨਾਲ ਦੱਸਦਾ ਹੈ। **ਵੇਖੋ 15:22, ਰਸੂਲਾਂ ਦੇ ਕਰਤੱਬ 13:22** ਵਿੱਚ 1 ਸਮੂਏਲ 13:14 ਵਿੱਚੋਂ ਦਾਊਦ ਬਾਰੇ ਕਹੇ ਗਏ ਪਰਮੇਸ਼ੁਰ ਦੇ ਵਚਨਾਂ ਨੂੰ ਲੱਭੋ।

**1010:970 ਦੂਜਾ ਸਮੂਏਲ**, ਦਾਊਦ ਰਾਜਾ ਦੀਆਂ ਜਿੱਤਾਂ ਉਸਦੇ ਪਾਪਾ ਅਤੇ ਅਸਫਲਤਾਵਾਂ ਅਤੇ ਉਸਦੇ ਰਾਜਨੀਤਿਕ ਕਸ਼ਟਾਂ ਬਾਰੇ ਵਿਸਤਾਰ ਨਾਲ ਦੱਸਦਾ ਹੈ। ਵੇਖੋ ਦੂਜਾ ਸਮੂਏਲ 7:9 ਉਸ ਵਾਅਦੇ ਨੂੰ ਜਿਹੜਾ ਸਾਡੇ ਮਸੀਹੀਆ ਤੇ ਲਾਗੂ ਹੁੰਦਾ ਹੈ ਅਤੇ ਜਿਹੜਾ ਪਰਮੇਸ਼ਰ ਨੇ ਦਾਊਦ ਦੇ ਪੂਰਵਜਾਂ ਨਾਲ 2 ਸਮੂਏਲ 7:8 ਅਤੇ 14 ਵਿੱਚ ਕੀਤਾ, ਉਸਨੂੰ **2 ਕੁਰਿੰਥੀਆਂ 6:18** ਵਿੱਚ ਲੱਭੋ।

**1011-970 ਪਹਿਲਾ ਇਤਿਹਾਸ** ਦਾਊਦ ਰਾਜਾ ਦੇ ਰਾਜ ਬਾਰੇ ਵਿਸਤਾਰ ਦੇਂਦਾ ਹੈ। ਪਹਿਲਾ ਇਤਿਹਾਸ 4:10 ਵੇਖੋ **ਇਬਰਾਨੀਆਂ 1:5** ਵਿੱਚ ਯਿਸੂ ਤੇ ਲਾਗੂ ਹੋਏ ਉਸ ਵਾਅਦੇ ਨੂੰ ਵੇਖੋ ਜਿਹੜਾ 1 ਇਤਿਹਾਸ 17:11 ਅਤੇ 13 ਵਿੱਚ ਦਾਊਦ ਨਾਲ ਕੀਤਾ ਗਿਆ।

**970-538 ਦੂਜਾ ਇਤਹਾਸ** ਇਸਰਾਏਲ ਅਤੇ ਯਹੂਦਾਹ ਦੇ ਡਿੱਗਣ ਦੁਆਰਾ ਸੁਲੇਮਾਨ ਰਾਜਾ ਦੀ ਤਾਜ਼ਪੋਸ਼ੀ ਦੀ ਰਸਮ ਤੋਂ ਲੈ ਕੇ ਪਰਸੀਆ ਦੇ ਰਾਜ ਸਾਰਸ ਦੇ 538 ਵਿੱਚ ਯਰੂਸ਼ਲਮ ਦੇ ਮੰਦਿਰ ਨੂੰ ਦੁਬਾਰਾ ਬਣਾਉਣ ਦੇ ਆਦੇਸ਼ ਤੱਕ ਦਾ ਵਿਸਤਾਰ ਦੇਂਦਾ ਹੈ। ਦੂਜਾ ਇਤਹਾਸ 13:10 ਵੇਖੋ। **ਮੱਤੀ 24:35** ਵਿੱਚ ਯਿਸੂ ਦੇ ਉਨ੍ਹਾਂ ਸ਼ਬਦਾ ਨੂੰ ਲੱਭੋ ਜਿਹੜੇ 2 ਇਤਿਹਾਸ 24:20 ਅਤੇ 21 ਨੂੰ ਯਾਦ ਕਰਾਉਂਦੇ ਹਨ।

**970-853 ਪਹਿਲਾ ਰਾਜਾ**, ਸੁਲੇਮਾਲ ਦੇ ਰਾਜ, ਦੇਸ ਦੀ ਦੋ ਰਾਜਾਂ ਵਿੱਚ ਵੰਡ, ਉੱਤਰ ਵਿੱਚ ਇਸਰਾਏਲ ਅਤੇ ਦੱਖਣ ਵਿੱਚ ਯਹੂਦਾਹ, ਅਤੇ ਏਲੀਯਾਹ ਨਬੀ ਦੇ ਭਵਿੱਖ ਦਾ ਵਿਸਤਾਰ ਦੇਂਦਾ ਹੈ। ਪਹਿਲਾ ਰਾਜਾ 3:9 ਵੇਖੋ। ਰੋਮੀਆਂ 11:3 ਅਤੇ 4 ਵਿੱਚ 1 ਰਾਜਾ 19:10,14 ਅਤੇ 18 ਦੇ ਉਤਕਥਨਾਂ ਨੂੰ ਲੱਭੋ।

**853-561 ਦੂਜਾ ਰਾਜਾ** ਦੀ ਪੁਸਤਕ ਅਲੀਸ਼ਾ ਨਬੀ ਦੇ ਭਵਿੱਖ ਅਤੇ ਇਸਰਾਏਲ ਅਤੇ ਯਹੂਦਾਹ ਦਾ ਬੁਰੇ ਅਤੇ ਧਰਮੀ ਰਾਜਿਆਂ ਦਾ ਵਿਸਤਾਰ ਦੇਂਦੀ ਹੈ। ਵੇਖੋ 2 ਰਾਜਾ 19:15 ਇਸਰਾਏਲ ਦੀ ਅਬਾਦੀ ਦਾ ਲਗਭਗ 722 ਵਿੱਚ ਅਸੀਰੀਆ ਅਤੇ ਲਗਭਗ 561 ਵਿੱਚ ਯਹੂਦਾਹ ਅਤੇ ਬਾਬਲ ਨੂੰ ਦੇਸ਼ ਨਿਕਾਲਾ ਹੋਇਆ। **ਲੂਕਾ 4:27** ਵਿੱਚ ਸੀਰੀਆ ਰਾਜਾ ਦਾ ਜ਼ਿਕਰ ਵੇਖੋ ਜਿਹੜਾ ਚੰਗਾ ਹੋ ਗਿਆ ਜਦੋਂ ਉਸਨੇ ਅਲੀਸ਼ਾ ਰਾਜੇ ਦੀ ਆਗਿਆ ਦਾ ਪਾਲਨ ਕੀਤਾ ਜਿਵੇਂ 2 ਰਾਜਾ 5:1-27 ਵਿੱਚ ਦਿੱਤਾ ਗਿਆ ਹੈ।

**538-516 ਅਤੇ 458-457 ਅਜ਼ਰਾ** ਦੀ ਪੁਸਤਕ ਗੁਲਾਮੀ ਤੋਂ ਯਹੂਦਾਹ ਨੂੰ ਵਾਪਸੀ ਜਿਸਦਾ ਵਾਅਦਾ ਕੀਤਾ ਗਿਆ ਉਸਦਾ ਵਿਸਤਾਰ ਦੇਂਦੀ ਹੈ, ਪਹਿਲੇ ਸੈਨਾ ਦਲ ਦੀ ਅਗਵਾਈ ਜ਼ਰੁੱਬਾਬਲ ਅਤੇ ਦੂਜੇ ਦੀ ਅਜ਼ਰਾ ਦੁਆਰਾ ਕੀਤੀ ਗਈ। ਅਜ਼ਰਾ 3:11 ਵੇਖੋ। **ਲੂਕਾ 21:24** ਵਿੱਚ ਪੜ੍ਹੋ ਕਿਵੇਂ ਯਿਸੂ ਨੇ ਅਜ਼ਰਾ 9:7 ਦੇ ਵਚਨਾਂ ਦਾ ਪ੍ਰਯੋਗ, ਅਵਿਸ਼ਵਾਸ ਕਾਰਨ ਆਉਣ ਵਾਲੀ ਸਜ਼ਾ ਨੂੰ ਦੱਸਣ ਲਈ ਕੀਤਾ।

**483-473 ਅਸਤਰ** ਦੀ ਪੁਸਤਕ ਵਿਸਤਾਰ ਦੇਂਦੀ ਹੈ ਕਿ ਕਿਵੇਂ ਰਾਣੀ ਅਸਤਰ, ਬਾਬਲ ਦੇ ਰਾਜੇ ਦੀ ਯਹੂਦੀ ਪਤਨੀ ਨੇ ਯਹੂਦੀ ਲੋਕਾਂ ਨੂੰ ਉਨ੍ਹਾਂ ਦੇ ਦੁਸ਼ਮਣਾਂ ਤੋਂ ਬਚਾਉਣ ਦੀ ਸਿਫ਼ਾਰਸ਼ ਰਾਜੇ ਅੱਗੇ ਕੀਤੀ। ਅਸਤਰ 4:14 ਵੇਖੋ। **ਮੱਤੀ 6:23** ਦੱਸਦੀ ਹੈ ਕਿ ਕਿਵੇਂ ਮੂਰਖ ਰਾਜਾ ਹੇਰੋਦੇਸ ਨੇ ਅਸਤਰ 5:3 ਅਤੇ 6 ਵਿੱਚ ਵਚਨਾਂ ਦਾ ਪ੍ਰਯੋਗ ਕੀਤਾ।

**444-425 ਨਹਮਯਾਹ** ਦੀ ਪੁਸਤਕ ਯਰੂਸ਼ਲਮ ਵੱਲ ਨੂੰ ਗੁਲਾਮਾਂ ਦੀ ਬਾਬਲ ਦੇ ਰਾਜਾ ਆਰਸਰਸ ਦੇ ਹੁਕਮ ਨਾਲ ਸ਼ਹਿਰ ਦੀਆਂ ਕੰਧਾਂ ਨੂੰ ਫਿਰ ਦੁਬਾਰਾ ਬਣਾਉਣ ਦੀ ਵਾਪਸੀ ਦਾ ਵਿਸਤਾਰ ਦੇਂਦੀ ਹੈ। ਨਹਮਯਾਹ 8:10 ਵੇਖੋ। **ਯੂਹੰਨਾ 6:31** ਵਿੱਚ ਵੇਖੋ ਯਿਸੂ ਨਹਮਯਾਹ 9:15 ਦੇ ਵਚਨਾਂ ਨੂੰ ਆਪਣੇ ਆਪ ਤੇ ਲਾਗੂ ਕਰਦਾ ਹੈ।

**2.** ਆਪਣੇ ਸਹਕਿਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ।

ਆਪਣੇ ਸਹਿਕਰਮੀਆਂ ਦੀ ਉਨ੍ਹਾਂ ਦੀਆਂ ਬਾਈਬਲਾਂ ਵਿੱਚੋਂ ਇਤਿਹਾਸਿਕ ਪੁਸਤਕਾਂ ਦੇ ਨਾਮ ਅਤੇ ਮੁੱਖ ਵਿਸ਼ੇ ਲੱਭਣ ਅਤੇ ਸਿੱਖਣ ਵਿੱਚ ਮਦਦ ਕਰੋ।

ਇਤਿਹਾਸਿਕ ਪੁਸਤਕਾਂ ਵਿੱਚੋਂ, ਯਹੋਸ਼ੁਆ, ਰੂਥ, ਗਿਦਊਨ, ਸਮਸੂਨ, ਦਾਊਦ, ਸਮੂਏਲ, ਏਲੀਯਾਹ, ਅਲੀਸ਼ਾ ਅਤੇ ਨਮਹਯਾਹ ਸਮੇਤ ਬਾਈਬਲ ਦੇ ਨਾਇਕਾਂ ਨੂੰ ਲੱਭੋ। ਜਦੋਂ ਤੁਸੀਂ ਆਪਣੇ ਝੁੰਡ ਦੇ ਮੈਂਬਰਾਂ ਕੋਲ ਜਾਂਦੇ ਹੋ ਤਾਂ ਉਨ੍ਹਾਂ ਨੂੰ ਕੁਝ ਕਹਾਣੀਆਂ ਦੱਸੋ।

**3.** ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਬਾਰੇ ਯੋਜਨਾ ਬਣਾਓ।

ਬਾਈਬਲ ਦੀਆਂ ਕਹਾਣੀਆਂ ਵਿੱਚੋਂ ਕੋਈ ਇਕ ਬਾਰੇ, ਜਿਹੜੀ ਤੁਸੀਂ ਭਾਗ 2 ਵਿੱਚ ਤਿਆਰ ਕੀਤੀ ਸੀ, ਉਸਦਾ ਵਿਸਤਾਰ ਦਿਓ ਜਾਂ ਉਸ ਬਾਰੇ ਨਾਟਕ ਪੇਸ਼ ਕਰੋ।

ਬੱਚਿਆਂ ਨੂੰ ਜੋ ਉਨ੍ਹਾਂ ਤਿਆਰ ਕੀਤਾ ਹੈ ਪੇਸ਼ ਕਰਨ ਦਿਓ।

ਪ੍ਰਭੂ ਭੋਜ ਸ਼ੁਰੂ ਕਰਨ ਲਈ 1 ਸਮੂਏਲ 15:22 ਪੜ੍ਹੋ। ਦੱਸੋ ਕਿ ਪੁਰਾਣੇ ਨੇਮ ਦੀਆਂ ਜਾਨਵਰਾਂ ਦੀਆਂ ਕੁਰਬਾਨੀਆਂ ਨੇ ਪਹਿਲਾਂ ਹੀ ਮਸੀਹ ਦੀ ਕੁਰਬਾਨੀ ਬਾਰੇ ਦੱਸ ਦਿੱਤਾ। ਪ੍ਰਭੂ ਭੋਜ ਦੀ ਤਰ੍ਹਾਂ, ਉਨ੍ਹਾਂ ਦੀ ਕੋਈ ਕੀਮਤ ਨਾ ਹੁੰਦੀ, ਜੇਕਰ ਲੋਕ ਉਨ੍ਹਾਂ ਨੂੰ ਸਿਰਫ ਰਸਮ ਦੇ ਤੌਰ ਤੇ ਬਿਨ੍ਹਾਂ ਵਿਸ਼ਵਾਸ਼ ਅਤੇ ਪਸ਼ਚਾਤਾਪੀ ਦਿਲ ਤੋਂ ਕਰਦੇ।

ਬਿਮਾਰਾਂ ਲਈ, ਲਾਗੇ ਦੇ ਸਮੂਹਾਂ ਲਈ, ਜਿਨ੍ਹਾਂ ਨੂੰ ਮਸੀਹ ਦੀ ਲੋੜ ਹੈ ਅਤੇ ਕਲੀਸਿਯਾ ਦੇ ਆਗੂਆਂ ਲਈ ਪ੍ਰਾਰਥਨਾ ਕਰਨ ਵਾਸਤੇ ਦੋ ਜਾਂ ਤਿੰਨ ਲੋਕਾਂ ਦਾ ਸਮੂਹ ਬਣਾਓ।

ਇਕੱਠੇ ਮਿਲਕੇ ਯਹੋਸ਼ੁਆ 1:7 ਯਾਦ ਕਰੋ।

| ਨਿਆਈਆਂ ਦੀ ਪੁਸਤਕ ਵਿੱਚੋਂ ਨਿਆਈਆਂ ਦੇ ਸਮੇਂ ਦੌਰਾਨ ਨਿਆਈਂ ਅਤੇ ਘਟਨਾਵਾਂ | ਸਾਲ |
|---|---|
| ਇਸਰਾਏਲ ਨੇ ਕੂਸ਼ਨ-ਰਿਸ਼ਾਤੈਮ ਦੀ ਸੇਵਾ ਕੀਤੀ, 3:7-8 | 8 |
| ਇਸਰਾਏਲ ਦੇ ਅਥਾਨੀਏਲ ਦੇ ਛੁਟਕਾਰੇ ਕਾਰਨ ਸ਼ਾਂਤੀ, 3:7-11 | 40 |
| ਇਸਰਾਏਲ ਨੇ ਮੋਆਬ ਦੀ ਸੇਵਾ ਕੀਤੀ, 3:12 | 18 |
| ਇਸਰਾਏਲ ਦੇ ਏਹੂਦ ਦੇ ਛੁਟਕਾਰੇ ਤੋਂ ਬਾਅਦ ਸ਼ਾਂਤੀ ਹੋਈ, 3:12-30 | 80 |
| ਸ਼ਮਗਰ ਨੇ ਇਸਰਾਏਲ ਨੂੰ ਫਲਿਸਤੀਆਂ ਕੋਲੋਂ ਛੁਡਾਇਆ, 3:31 | 1 |
| ਇਸਰਾਏਲ ਨੇ ਕਨਾਨ ਦੀ ਸੇਵਾ ਕੀਤੀ, 4:1-3 | 20 |
| ਦਬੋਰਾਹ ਅਤੇ ਬਾਰਾਕ ਦੁਆਰਾ ਛੁਟਕਾਰੇ ਤੋਂ ਬਾਅਦ ਸ਼ਾਂਤੀ ਹੋਈ, 4:1-5:3 | 40 |
| ਇਸਰਾਏਲ ਦਾ ਰਾਜਾ ਅਬੀਮਲਕ, 9:1-57 | 3 |
| ਤੋਲਾ ਦਾ ਜੀਵਨ, 10:1-2 | 23 |
| ਯਾਈਰ ਦਾ ਜੀਵਨ, 10:3-5 | 22 |
| ਇਸਰਾਏਲੀਆਂ ਨੇ ਫਲਿਸਤੀਆਂ ਅਤੇ ਅੰਮੋਨੀਆਂ ਦੀ ਸੇਵਾ ਕੀਤੀ, 10:8-10 | 18 |
| ਯਿਫ਼ਤਾਹ ਦਾ ਜੀਵਨ, 10:8-12:7 | 6 |
| ਇਸਬਾਨ ਦਾ ਜੀਵਨ, 12:8-10 | 7 |
| ਏਲੋਨ ਦਾ ਜੀਵਨ, 12:11-12 | 10 |
| ਅਬਦੋਨ ਦਾ ਜੀਵਨ, 12:13-15 | 8 |
| ਇਸਰਾਏਲ ਨੇ ਫਲਿਸਤੀਆਂ ਦੀ ਸੇਵਾ ਕੀਤੀ, 13:1 | 40 |
| ਸਮਸੂਨ ਦਾ ਜੀਵਨ, 13:1-16:31 | 20 |